# ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,

ਪਹਿਲੀ ਮੰਜਿਲ ਬਲਾਕ-2, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਸੰਗਰੂਰ।

ਟੈਲੀਫੋਨ/ਫੈਕਸ ਨੰਬਰ. 01672-234114 Email:-xenprovincialsangrur@yahoo.com


## ਨੋਟਿਸ

ਹਰ ਆਪ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾਂ ਮੈਜਿਸਟਰੇਟ, ਸੰਗਰੂਰ ਤੋਂ ਪ੍ਰਾਪਤ ਪੱਤਰ ਨੰਬਰ 2287/ਲਪਸ ਮਿਤੀ. 22.02.2021 ਰਾਹੀਂ ਸੁਨਾਮ ਸਿਟੀ ਵਿਖੇ ਨੇੜੇ ਗਰੇਨ ਮਾਰਕਿਟ ਸੁਨਾਮ ਉਧਮ ਸਿੰਘ ਵਾਲਾ, ਜਿਲ੍ਹਾਂ ਸੰਗਰੂਰ ਖੇਵਟ ਨੰਬਰ 33/32, ਖਤੌਨੀ ਨੰਬਰ 46 ਖਸਰਾ ਨੰਬਰ 382//13/2/2(1-10), 382/14/1(5-0) ਵਿਖੇ ਹਿੰਦੂਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮ. ਸੁਨਾਮ ਦਾ ਨਵਾਂ ਪੈਟ੍ਰੋਲ ਪੰਪ ਲਗਾਉਣ ਲਈ ਐਨ.ਓ.ਸੀ. ਮੰਗੀ ਹੈ। ਇਹ ਪੈਟ੍ਰੋਲ ਪੰਪ ਸੁਨਾਮ ਲਹਿਰਾ ਰੋੜ (ਸਿਟੀ ਪੋਰਸ਼ਨ), ਗਰੇਨ ਮਾਰਕਿਟ ਸੁਨਾਮ ਉਧਮ ਸਿੰਘ ਵਾਲਾ, ਜਿਲ੍ਹਾਂ ਸੰਗਰੂਰ ਵਿਖੇ ਲਗਾਇਆ ਜਾਣਾ ਹੈ। ਮੌਕੇ ਅਨੁਸਾਰ ਪਲਾਟ ਤੋਂ ਰੋੜ ਇੰਟਰਸੈਕਸ਼ਨ/ਰੋੜ ਮਿਡਿਅਨ ਗੈਪ੍ਹ ਦੀ ਦੂਰੀ 90 ਮੀ. ਹੈ, ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ) ਦੇ ਪੱਤਰ ਨੰਬਰ: 12/23/2019-BR-3/1402253 ਮਿਤੀ. 24.01.2019 ਦੇ ਕਲਾਜ 3.5.2(I)(B)(i) ਅਨੁਸਾਰ Intersection of any category of roads (Irrespective of carriageway width) ਦੀ ਦੂਰੀ ਘੱਟ ਤੋਂ ਘੱਟ 100 ਮੀਟਰ ਚਾਹੀਦੀ ਹੈ ਅਤੇ IRC12 2016 ਦੇ ਕਲਾਜ ਨੰਬਰ 3.5.2, 3.5.3 ਅਨੁਸਾਰ ਮਿਡਿਅਨ ਗੈਪ ਦੀ ਦੂਰੀ ਘੱਟ ਤੋਂ ਘੱਟ 100 ਮੀ. ਚਾਹੀਦੀ ਹੈ। ਹੁਣ ਪ੍ਰਾਥਤੀ ਵੱਲੋਂ ਇਸ ਮੰਡਲ ਦਫ਼ਤਰ ਡਾਇਰੀ ਨੰਬਰ 188 ਮਿਤੀ. 20.04.2021 ਰਾਹੀਂ ਪ੍ਰਤੀ ਬੇਨਤੀ ਕੀਤੀ ਹੈ ਕਿ ਉਸ ਨੂੰ ਸਰਕਾਰ ਦੀ ਹਦਾਇਤਾਂ ਅਨੁਸਾਰ ਉਪਰੋਕਤ ਸਬੰਧੀ ਛੁੱਟ ਦਿੱਤੀ ਜਾਵੇ। ਜੇਕਰ ਕਿਸੇ ਨੂੰ ਇਸ ਪੈਟ੍ਰੋਲ ਪੰਪ ਦੇ ਲੱਗਣ ਤੇ ਇਤਰਾਜ ਹੋਵੇ ਤਾਂ ਉਹ ਨੋਟਿਸ ਦੇ ਪਬਲਿਸ਼ ਹੋਣ ਤੋਂ 45 ਦਿਨਾਂ ਦੇ ਅੰਦਰ-ਅੰਦਰ ਉਪਰੋਕਤ ਪਤੇ ਤੇ ਲਿਖਤੀ ਇਤਰਾਜ ਭੇਜ ਸਕਦਾ ਹੈ। ਇਤਰਾਜ ਭੇਜਣ ਲਈ ਮਹਿਕਮੇ ਦੀ Website (http://www.pwdpunjab.gov.in) ਤੋਂ ਅਨੈਕਸਚਰ-1 ਦੀ ਕਾਪੀ ਡਾਊਨਲੋਡ ਕਰਕੇ ਤੇ ਸਾਰੇ ਕਾਲਮ ਭਰ ਕੇ ਭੇਜਿਆ ਜਾਵੇ। ਇਸ ਤੋਂ ਬਾਅਦ ਕੋਈ ਇਤਰਾਜ ਵਿਚਾਰਿਆ ਨਹੀਂ ਜਾਵੇਗਾ। ਇਸ ਤੋਂ ਬਾਅਦ ਜੋ ਵੀ ਸੋਧ ਹੋਵੇਗੀ ਉਹ ਮਹਿਕਮੇਂ ਦੀ ਵੈਬ ਸਾਇਟ ਤੋਂ ਦੇਖੀ ਜਾਵੇ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਸੰਗਰੂਰ

Scanned with CamScanner

2539
24-02-2021

ਜ਼ਿਲਾ ਮੈਜਿਸਟਰੇਟ,
ਸੰਗਰੂਰ

ਸੇਵਾ ਵਿਖੇ

ਕਾਰਜਕਾਰੀ ਇੰਜੀਨੀਅਰ
ਪ੍ਰਾਂਤਕ ਮੰਡਲ,
ਲੋਕ ਨਿਰਮਾਣ ਵਿਭਾਗ,
ਸੰਗਰੂਰ।

ਨੰਬਰ: 2277 /ਲਪਸ ਮਿਤੀ 23/02/2021

ਵਿਸ਼ਾ: ਮੈਸ ਹਿੰਦੂਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਵੱਲੋਂ ਰੀਟੇਲ ਆਊਟ ਲੈਟ ਖੇਵਟ ਨੰਬਰ 33/32, ਖਤੌਨੀ ਨੰਬਰ 46, ਖਸਰਾ ਨੰਬਰ 382//13/2/2(1-10), 382//14/1(5-0) ਨੇੜੇ ਗਰੇਨ ਮਾਰਕਿਟ ਮੁਨਾਮ ਊਧਮ ਸਿੰਘ ਵਾਲਾ, ਜਿਲ੍ਹਾ ਸੰਗਰੂਰ ਵਿਖੇ ਸਥਾਪਿਤ ਕਰਨ ਸਬੰਧੀ ਐਨ. ਓ. ਸੀ ਲੈਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਵੱਲੋਂ ਇਸ ਦਫਤਰ ਨੂੰ ਲਿਖਿਆ ਗਿਆ ਸੀ ਕਿ ਵਿਸ਼ੇ ਅੰਕਿਤ ਰੀਟੇਲ ਆਊਟ ਲੈਟ ਲਗਾਉਣ ਸਬੰਧੀ ਕੇਸ ਦੀ ਪੜਤਾਲ ਕਰਨ ਉਪਰੰਤ ਪ੍ਰਪੋਜ਼ਡ ਪੈਟਰੋਲ ਪੰਪ ਦੀ ਸਾਇਟ ਦਾ ਮੌਕਾ ਦੇਖਿਆ ਗਿਆ ਸੀ ਕਿ ਇਹ ਪੈਟਰੋਲ ਪੰਪ ਸਾਈਟ ਆਈ.ਆਰ.ਸੀ 12-2009 ਦੀਆਂ ਗਾਈਡ ਲਾਈਨਾਂ ਪੂਰੀਆ ਨਹੀਂ ਕਰਦਾ ਇਸ ਲਈ ਉਕਤ ਐਨ.ਓ.ਸੀ ਜਾਰੀ ਨਹੀਂ ਕੀਤਾ ਜਾ ਸਕਦਾ। ਜਿਸ ਸਬੰਧੀ ਸ੍ਰੀ ਸੁਧੀਰ ਯਾਦਵ ਹਿੰਦੂਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਰੀਟੇਲ ਸੰਗਰੂਰ ਵੱਲੋਂ ਇਸ ਦਫਤਰ ਵਿਖੇ ਦਰਖਾਸਤ/ਪੱਤਰ ਮਿਤੀ 11.11.2020 ਪੇਸ਼ ਕਰ ਬੇਨਤੀ ਕੀਤੀ ਗਈ ਹੈ ਕਿ ਆਈ.ਆਰ.ਸੀ ਗਾਇਡਲਾਇਨਜ਼ 12.2016 ਅਨੁਸਾਰ ਉਹਨਾ ਦੇ ਪੈਟਰੋਲ ਪੰਪ ਦੇ ਕੇਸ ਨੂੰ ਦੁਬਾਰਾ ਤੋਂ ਸਬੰਧਤ ਦਫਤਰ ਨੂੰ ਐਨ.ਓ.ਸੀ ਲਈ ਭੇਜਿਆ ਜਾਵੇ। ਜਿਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ 2031/ਲਪਸ ਮਿਤੀ 17.11.2020 ਰਾਹੀਂ ਕੇਸ ਮੁੜ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਾਸ ਭੇਜਿਆ ਗਿਆ ਸੀ। ਜਿਨ੍ਹਾਂ ਨੇ ਆਪਣੇ ਦਫਤਰ ਦੇ ਪੱਤਰ ਨੰਬਰ 1333 ਮਿਤੀ 19.11.2020 ਰਾਹੀਂ ਇਸ ਦਫਤਰ ਨੂੰ ਲਿਖਿਆ ਹੈ ਕਿ ਇਹ ਕੇਸ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਬਠਿੰਡਾ ਨੂੰ ਭੇਜਿਆ ਜਾਵੇ। ਜਿਸ ਸਬੰਧੀ ਸ੍ਰੀ ਸੁਧੀਰ ਯਾਦਵ ਹਿੰਦੂਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਰੀਟੇਲ ਸੰਗਰੂਰ ਵੱਲੋਂ ਇਸ ਦਫਤਰ ਵਿਖੇ ਦਰਖਾਸਤ ਪੇਸ਼ ਕਰ ਬੇਨਤੀ ਕੀਤੀ ਹੈ ਕਿ ਉਕਤ ਕੇਸ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਸੰਗਰੂਰ ਨੂੰ ਭੇਜਿਆ ਜਾਵੇ।

ਇਸ ਲਈ ਮੈਸ ਹਿੰਦੂਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਵੱਲੋਂ ਪ੍ਰਾਪਤ ਪ੍ਰਤੀ ਬੇਨਤੀ ਦੀ ਕਾਪੀ ਸਮੇਤ ਤਜਵੀਜਤ ਸਾਇਟ ਦਾ ਇਕ ਨਕਸ਼ਾ ਆਪ ਜੀ ਨੂੰ ਘੱਲ ਕੇ ਬੇਨਤੀ ਹੈ ਕਿ ਰੀਟੇਲ ਆਊਟ ਲੈਟ ਖੇਵਟ ਨੰਬਰ 33/32, ਖਤੌਨੀ ਨੰਬਰ 46, ਖਸਰਾ ਨੰ: 382//13/2/2(1-10), 382//14/1(5-0) ਨੇੜੇ ਗਰੇਨ ਮਾਰਕਿਟ ਸੁਨਾਮ ਊਧਮ ਸਿੰਘ ਵਾਲਾ, ਜਿਲ੍ਹਾ ਸੰਗਰੂਰ ਵਿਖੇ ਸਥਾਪਿਤ ਕਰਨ ਸਬੰਧੀ ਸਰਕਾਰ/ਆਪ ਦੇ ਵਿਭਾਗ ਦੀਆ ਹਦਾਇਤਾਂ ਅਨੁਸਾਰ ਮੌਕਾ ਰਿਪੋਰਟ/ਇਤਰਾਜਹੀਣਤਾ ਸਰਟੀਫਿਕੇਟ 21 ਦਿਨਾ ਦੇ ਅੰਦਰ ਅੰਦਰ ਇਸ ਦਫਤਰ ਨੂੰ ਘੱਲੀ ਜਾਵੇ। ਜਦੋਂ ਆਪ ਵਲੋਂ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ ਤਾਂ ਉਹ ਕੰਡੀਸ਼ਨਾਂ ਲਗਾ ਕੇ ਨਾ ਦਿੱਤੇ ਜਾਣ ਅਤੇ ਜੇਕਰ ਕੋਈ ਕੰਡੀਸ਼ਨ ਪੂਰੀ ਕਰਨੀ ਲੋੜੀਂਦੀ ਹੈ ਤਾਂ ਐਨ.ਓ.ਸੀ. ਜਾਰੀ ਕਰਨ ਤੋਂ ਪਹਿਲਾਂ ਉਹ ਕੰਡੀਸ਼ਨ ਪੂਰੀ ਕਰਵਾ ਕੇ ਫਿਰ ਹੀ ਐਨ.ਓ.ਸੀ. ਜਾਰੀ ਕੀਤਾ ਜਾਵੇ ਇਸ ਤੋਂ ਇਲਾਵਾ ਇਸ ਦਫਤਰ ਵੱਲੋਂ ਭੇਜੀ ਗਈ ਵਿਸ਼ੇ ਸਬੰਧੀ ਸਾਈਟ ਨਾਲ ਸਬੰਧਤ ਡਰਾਇੰਗ ਦੀ ਕਾਪੀ ਪ੍ਰਤੀ ਹਸਤਾਖਰ ਕਰਕੇ ਸਿਫਾਰਿਸ਼ ਸਹਿਤ ਇਸ ਦਫਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਨੱਥੀ ਉਕਤ ਅਨੁਸਾਰ

ਡਾ. ਜ਼ਿਲਾ ਮੈਜਿਸਟਰੇਟ,
ਸੰਗਰੂਰ।

ਪਿ.ਅੰ.ਨੰ:-1388 ਮਿਤੀ 24-2-21

[illegible]

Not Related in this S/D

[illegible]

## FORM

Form for inviting public comments on the application for relaxation in the guidelines/Norms for access permission to fuel station on SH's/MDR's/ODR's/village link roads in the State of Punjab

The comments by the general public needs to be given within 45 days of uploading the case by the concerned Executive Engineer on the Department website **(http://www.pwdpunjab.gov.in)**

| Sr. No. | Item | Details |
|---|---|---|
| 1 | Name of the person who is desiring to give comments | |
| 2 | Address of the person | |
| 3 | Details of the application for access permission against which comments are being given (name of applicant and other details like site address etc.)<br>a) Applicant No.<br>b) Name of Applicant (who applied to access permission)<br>c) Details of Application | Grant of Approval & No objection certificate to HPCL For setting up retail outlet at Khewat No.33/32 Khatoni No.46 Khasra No. 382//13/2/2(1-10),382/14/1(5-0) New Grain Market, Sunam, Distt. Sangrur.<br><br>Sh. Pardeep Kumar S/o Sh. Surinder Kumar R/o Near Anaj Mandi Sullar Gharat, Distt. Sangrur |
| 4 | Whether the specific permission, if given, shall cause any damage to Highway? If yes, please give details. | |
| 5 | Whether specific permission, if given, shall adversely affect safety and convenience of the traffic on the Highways? If yes, please give the details. | |
| 6 | Whether specific permission, if given, shall adversely affect hygiene or cause nuisance and pollution on the Highways? If Yes, please give the details. | |

**Executive Engineer,**
**Provincial Division, PWD B&R,**
**Sangrur.**

Scanned with CamScanner

ਦਫ਼ਤਰ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋਕ ਨਿਰਮਾਣ ਵਿਭਾਗ,

ਭ ਤੇ ਮ ਸ਼ਾਖਾ, ਸੁਨਾਮ।

ਕਾਰਜਕਾਰੀ ਇੰਜੀਨੀਅਰ, ਭ ਤੇ ਮ ਸ਼ਾਖਾ, ਸੰਗਰੂਰ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਨੰ:12 ਮਿਤੀ: ੨੮/੦੪/੨੦੨੧।


ਵਿਸ਼ਾ:- PWD NOC for new retail at site "Sunam City WML" ਦੇ ਸਬੰਧ ਵਿੱਚ।

ਹਵਾਲਾ:- ਆਪ ਜੀ ਦੇ ਦਫ਼ਤਰ ਦਾ ਪਿੱਠ ਅੰਕਣ ਨੰ: 227 ਮਿਤੀ 16.04.2021.

ਉਪਰੋਕਤ ਵਿਸ਼ੇ ਸਬੰਧੀ ਸਬੰਧਤ ਜੇ.ਈ. ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਪੈਟਰੋਲ ਪੰਪ ਦੀ ਸਾਈਟ ਤੋਂ ਸੜਕ ਦੇ ਸੈਂਟਰਲ ਮੀਡੀਅਨ ਗੈਪ ਦੀ ਦੂਰੀ ਲਗਭਗ 90 ਮੀਟਰ ਬਣਦੀ ਹੈ, ਜੋ ਕਿ ਸ਼ਰਤਾਂ ਮੁਤਾਬਿਕ ਘੱਟ ਹੈ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰਾਰਥੀ ਵਲੋਂ ਨਿਯਮਾਂ ਵਿੱਚ ਰਿਲੈਕਸੇਸ਼ਨ ਦੀ ਅਰਜ਼ੀ ਉੱਤੇ ਪੰਜਾਬ ਸਰਕਾਰ ਦੁਆਰਾ ਜਾਰੀ ਗਾਇਡਲਾਇੰਨਸ ਮੁਤਾਬਿਕ ਕਾਰਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਸੁਨਾਮ।

ਨੱਥੀ:-ਉਕਤ ਕੇਸ ਫਾਈਲ




Scanned with CamScanner